# ਬ੍ਰੈਂਪਟਨ ਵਿੱਚ ਸਿਵਿਕ ਹੋਲੀਡੇ 2019

ਬ੍ਰੈਂਪਟਨ, ਓਨਟੈਰੀਓ (31 ਜੁਲਾਈ, 2019) – ਇਸ ਸਾਲ, ਸਿਵਿਕ ਹੋਲੀਡੇ (Civic Holiday), ਸੋਮਵਾਰ, 5 ਅਗਸਤ ਨੂੰ ਮਨਾਇਆ ਜਾਵੇਗਾ। ਇਸਦੇ ਨਤੀਜੇ ਵਜੋਂ, ਕਈ ਸਿਟੀ ਸੇਵਾਵਾਂ ਉਪਲਬਧ ਨਹੀਂ ਰਹਿਣਗੀਆਂ ਜਾਂ ਘਟਾਏ ਗਏ ਸੇਵਾ ਪੱਧਰਾਂ ਦੇ ਹੇਠ ਕੰਮ ਕਰਨਗੀਆਂ।

ਬ੍ਰੈਂਪਟਨ ਸਿਟੀ ਹਾਲ (City Hall) 5 ਅਗਸਤ ਨੂੰ ਬੰਦ ਰਹੇਗਾ। ਨਿਵਾਸੀ ਇਸ ਸਮੇਂ ਦੌਰਾਨ ਵਿਅਕਤੀਗਤ ਤੌਰ ਤੇ ਵਿਆਹ ਦੇ ਲਾਇਸੈਂਸਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਸਿਵਿਲ ਵੈਡਿੰਗ ਸਮਾਰੋਹਾਂ ਲਈ ਬੁਕਿੰਗ ਨਹੀਂ ਕਰ ਸਕਣਗੇ, ਪਾਰਕਿੰਗ ਦੇ ਜੁਰਮਾਨੇ ਨਹੀਂ ਦੇ ਸਕਣਗੇ, ਪਰਮਿਟਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਜਾਂ ਬਿਜਨੇਸ ਲਾਇਸੈਂਸ ਲੈਣ ਜਾਂ ਨਵਿਆਉਣ ਲਈ ਦਰਖਾਸਤ ਨਹੀਂ ਦੇ ਸਕਣਗੇ।

ਕਈ ਸੇਵਾਵਾਂ ਸਧਾਰਨ ਢੰਗ ਨਾਲ ਕੰਮ ਕਰਨਾ ਜਾਰੀ ਰੱਖਣਗੀਆਂ, ਜਿਹਨਾਂ ਵਿੱਚ ਸ਼ਾਮਲ ਹਨ, ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (Fire and Emergency Services) ਅਤੇ ਸਿਟੀ ਆਫ ਬ੍ਰੈਂਪਟਨ ਬਾਇ-ਲਾਅ ਐਨਫੋਰਸਮੈਂਟ (City of Brampton By-law Enforcement)।

## ਬ੍ਰੈਂਪਟਨ ਟ੍ਰਾਂਜ਼ਿਟ

ਬ੍ਰੈਂਪਟਨ ਟ੍ਰਾਂਜ਼ਿਟ ਸਿਵਿਕ ਹੋਲੀਡੇ ਵੀਕੈਂਡ ਲਈ ਹੇਠਾਂ ਦਿੱਤੀ ਸਮਾਂ ਸੂਚੀ ਦੇ ਮੁਤਾਬਿਕ ਚੱਲੇਗਾ।

- ਸ਼ੁੱਕਰਵਾਰ, 2 ਅਗਸਤ: ਕਾਰਜਦਿਨ ਵਾਲੀ ਸੇਵਾ
- ਸ਼ਨੀਵਾਰ, 3 ਅਗਸਤ: ਸ਼ਨੀਵਾਰ ਵਾਲੀ ਸੇਵਾ
- ਐਤਵਾਰ, 4 ਅਗਸਤ: ਐਤਵਾਰ/ਛੁੱਟੀ ਦੇ ਦਿਨ ਵਾਲੀ ਸੇਵਾ
- ਸੋਮਵਾਰ, 5 ਅਗਸਤ (ਸਿਵਿਕ ਹੋਲੀਡੇ): ਐਤਵਾਰ/ਛੁੱਟੀ ਦੇ ਦਿਨ ਵਾਲੀ ਸੇਵਾ

ਸਾਰੇ ਟਰਮੀਨਲਾਂ ਤੇ ਗਾਹਕ ਸੇਵਾ (Customer Service) ਕਾਊਂਟਰ, ਅਤੇ ਕਲਾਰਕ (Clark) ਅਤੇ ਸੈਂਡਲਵੁੱਡ (Sandalwood) ਫੈਸਿਲਿਟੀਜ, ਸਿਵਿਕ ਹੋਲੀਡੇ ਨੂੰ ਬੰਦ ਰਹਿਣਗੀਆਂ।

ਰੂਟ ਅਤੇ ਕਾਰਜਕਰਮ ਬਾਰੇ ਜਾਣਕਾਰੀ ਲਈ, 905.874.2999 ਤੇ ਕਾਲ ਕਰੋ ਜਾਂ www.bramptontransit.com ਤੇ ਜਾਓ ਅਤੇ ਰੀਅਲ-ਟਾਈਮ ਵਿੱਚ ਅਗਲੀ ਬਸ ਬਾਰੇ ਜਾਣਕਾਰੀ ਲਈ, ਕਿਸੇ ਸਮਾਰਟਫੋਨ ਜਾਂ ਕਿਸੇ ਹੋਰ ਮੋਬਾਈਲ ਡਿਵਾਈਸ ਦੇ ਰਾਹੀਂ nextride.brampton.ca ਤੇ ਜਾਓ। ਸਫਰ ਦੀ ਯੋਜਨਾ ਵਾਲੇ ਹੋਰ ਟੂਲਸ ਲਈ, www.triplinx.ca ਤੇ ਜਾਂ ਗੂਗਲ ਮੈਪਸ (Google Maps) ਤੇ ਜਾਓ।

## ਬ੍ਰੈਂਪਟਨ ਰੇਕ੍ਰੀਏਸ਼ਨ

ਜ਼ਿਆਦਾਤਰ ਰੇਕ੍ਰੀਏਸ਼ਨ ਫੈਸਿਲਿਟੀਜ ਸਿਵਿਕ ਹੋਲੀਡੇ ਵੀਕੈਂਡ ਨੂੰ ਖੁੱਲ੍ਹੀਆਂ ਰਹਿਣਗੀਆਂ। ਅੱਪਡੇਟ ਕੀਤੇ ਡ੍ਰੌਪ-ਇਨ ਪ੍ਰੋਗਰਾਮ ਦੀਆਂ ਸਮਾਂ ਸੂਚੀਆਂ ਅਤੇ ਸੰਚਾਲਨ ਦੇ ਸਮਿਆਂ ਲਈ, ਆਪਣੇ ਸਥਾਨਕ ਰੇਕ੍ਰੀਏਸ਼ਨ ਕੇਂਦਰ ਨੂੰ ਜਾਂ 311 ਤੇ ਫੋਨ ਕਰੋ ਜਾਂ www.brampton.ca/recreation ਤੇ ਜਾਓ। ਸਿਟੀ ਦਾ ਰੇਕ੍ਰੀਏਸ਼ਨ ਐਡਮਿਨਿਸਟ੍ਰੇਸ਼ਨ ਆਫਿਸ (Recreation Administration Office) ਸਿਵਿਕ ਹੋਲੀਡੇ ਨੂੰ ਬੰਦ ਰਹੇਗਾ।

**ਬ੍ਰੈਂਪਟਨ ਐਨੀਮਲ ਸਰਵਿਸਿਜ਼**

ਬ੍ਰੈਂਪਟਨ ਐਨੀਮਲ ਸ਼ੈਲਟਰ ਸਿਵਿਕ ਹੋਲੀਡੇ ਨੂੰ ਬੰਦ ਰਹੇਗਾ। ਹੋਰ ਜਾਣਕਾਰੀ ਲਈ, 905.458.5800 ਜਾਂ 311 ਤੇ ਫੋਨ ਕਰੋ ਜਾਂ www.brampton.ca/animalservices ਤੇ ਜਾਓ।

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਲਾਇਬ੍ਰੇਰੀ ਦੀਆਂ ਸਾਰੀਆਂ ਬ੍ਰਾਂਚਾਂ ਐਤਵਾਰ, 4 ਅਗਸਤ ਅਤੇ ਸਿਵਿਕ ਹੋਲੀਡੇ ਨੂੰ ਬੰਦ ਰਹਿਣਗੀਆਂ। ਹੋਰ ਜਾਣਕਾਰੀ ਲਈ, 905.793.4636 ਜਾਂ 311 ਤੇ ਫੋਨ ਕਰੋ ਜਾਂ www.bramptonlibrary.com ਤੇ ਜਾਓ।

**ਪਟਾਕਿਆਂ ਤੋਂ ਸੁਰੱਖਿਆ**

ਸਿਵਿਕ ਹੋਲੀਡੇ ਵਾਲੇ ਦਿਨ ਸਿਟੀ ਆਫ ਬ੍ਰੈਂਪਟਨ ਪਟਾਕਿਆਂ ਦਾ ਕੋਈ ਪ੍ਰੋਗਰਾਮ ਆਯੋਜਿਤ ਨਹੀਂ ਕਰੇਗੀ।

ਸਿਵਿਕ ਹੋਲੀਡੇ ਸਾਲ ਦੇ ਉਹਨਾਂ ਚਾਰ ਦਿਨਾਂ ਵਿੱਚੋਂ ਇੱਕ ਨਹੀਂ ਹੈ, ਜਦੋਂ ਸਿਟੀ ਆਫ ਬ੍ਰੈਂਪਟਨ ਵਿੱਚ ਨਿੱਜੀ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ। ਹੋਰ ਜਾਣਕਾਰੀ ਲਈ www.brampton.ca/bylaws ਤੇ ਜਾਓ।

ਕਿਸੇ ਵੀ ਹੋਰ ਪੁੱਛਗਿੱਛ ਲਈ ਨਿਵਾਸੀਆਂ ਨੂੰ ਸਰਵਿਸ ਬ੍ਰੈਂਪਟਨ (Service Brampton) ਨੂੰ 311 ਤੇ ਫੋਨ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca